weeklypoetry.com

Exam. Code : 108502
Subject Code : 2825

B.Com. 2nd Semester

ਪੰਜਾਬੀ ਲਾਜ਼ਮੀ

Paper–BCG–202(i)

Time Allowed—3 Hours] [Maximum Marks—50

ਨੋਟ :- ਸਾਰੇ ਪ੍ਰਸ਼ਨ ਲਾਜ਼ਮੀ ਹਨ।

1. 'ਦੋ ਰੰਗ' ਪਾਠ ਪੁਸਤਕ ਵਿਚੋਂ 'ਭੂਆ' ਕਹਾਣੀ ਦਾ ਸਾਰ ਲਿਖੋ।

ਜਾਂ

'ਦੋ ਰੰਗ' ਪਾਠ ਪੁਸਤਕ ਵਿਚੋਂ 'ਲੱਛਮੀ' ਕਹਾਣੀ ਦਾ ਵਿਸ਼ਾ ਵਸਤੂ ਲਿਖੋ। 10

2. 'ਸੁਰਿੰਦਰ ਕੌਰ' ਰੇਖਾ-ਚਿੱਤਰ ਦਾ ਨਾਇਕ ਬਿੰਬ ਉਸਾਰੋ।

ਜਾਂ

'ਬਲਰਾਜ ਸਾਹਨੀ' ਰੇਖਾ-ਚਿੱਤਰ ਦੇ ਕਲਾਤਮਕ ਗੁਣ ਲਿਖੋ। 10

3. ਸ਼ਬਦ ਬਣਤਰ ਵਿਚ ਕਾਰਜਸ਼ੀਲ ਮੂਲ ਸੰਕਲਪਾਂ ਬਾਰੇ ਨੋਟ ਲਿਖੋ। 5

4. ਹੇਠ ਲਿਖਿਆਂ ਵਿਚੋਂ ਕਿਸੇ **ਦੋ** ਸ਼ਬਦ ਸ਼੍ਰੇਣੀਆਂ ਬਾਰੇ ਸੰਖੇਪ ਜਾਣਕਾਰੀ ਦਿਓ :

ਵਿਸ਼ੇਸ਼ਣ, ਕਿਰਿਆ, ਪੜਨਾਂਵ, ਨਾਂਵ। 5

weeklypoetry.com

5. ਕਿਸੇ **ਇੱਕ** ਵਿਸ਼ੇ ਉੱਪਰ ਪੈਰ੍ਹਾ ਰਚਨਾ ਕਰੋ :

1. ਅਨਪੜਤਾ
2. ਨਾਨਕ ਦੁਖੀਆ ਸਭ ਸੰਸਾਰ
3. ਸਵੈ-ਅਧਿਐਨ। 5

6. ਪੈਰ੍ਹਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਮਿੱਠਤ ਨਾਲ ਅਸੀਂ ਕਈ ਸੰਸਾਰਕ ਕਾਰਜ ਸਿੱਧ ਕਰ ਸਕਦੇ ਹਾਂ, ਲੋਕਾਂ ਕੋਲੋਂ ਸਤਿਕਾਰ ਤੇ **ਪ੍ਰਸੰਸਾ** ਪ੍ਰਾਪਤ ਕਰਦੇ ਹਾਂ ਤੇ ਉਨ੍ਹਾਂ ਉੱਤੇ ਆਪਣੇ ਸ਼ੁੱਭ **ਆਚਰਨ** ਦਾ ਪ੍ਰਭਾਵ ਪਾ ਸਕਦੇ ਹਾਂ। ਇਸ ਦੇ ਉਲਟ ਕੌੜਾ ਬੋਲਣਾ ਇਕ ਅਜਿਹਾ ਔਗੁਣ ਹੈ ਜਿਸਦੇ ਹੇਠਾਂ ਮਨੁੱਖ ਦੇ ਸ਼ੁੱਭ ਗੁਣ ਵੀ ਢੱਕੇ ਜਾਂਦੇ ਹਨ। ਕੌੜਾ ਬੋਲਣ ਵਾਲੇ ਤੋਂ ਲੋਕ ਦੂਰ-ਦੂਰ ਰਹਿੰਦੇ ਹਨ। ਅਜਿਹਾ ਬੰਦਾ ਭਾਵੇਂ ਕਿੰਨਾ ਵੀ ਅਮੀਰ ਤੇ **ਗਿਆਨਵਾਨ** ਹੋਵੇ ਜਾਂ ਕਿਸੇ ਉੱਚੀ ਪਦਵੀ ਉੱਤੇ ਹੋਵੇ, ਉਹ ਲੋਕਾਂ ਵਿਚ ਦਿਲੀ ਆਦਰ ਪ੍ਰਾਪਤ ਨਹੀਂ ਕਰ ਸਕਦਾ। ਸਭ ਲੋਕ ਮਿੱਠਤ ਦੇ ਗਾਹਕ ਹਨ ਤੇ ਸਾਰੇ ਹੀ ਕੌੜੀ ਚੀਜ਼ ਨੂੰ ਥੁਕ ਦੇਂਦੇ ਹਨ। ਕੌੜੇ, ਫਿੱਕੇ ਤੇ ਖਰ੍ਹਵੇਂ ਬੋਲ ਅਤੇ **ਵਿੰਨ੍ਹਵੀ** ਟੋਕਾ-ਟਾਕੀ ਤੇ ਆਲੋਚਨਾ ਹਰ ਕਿਸੇ ਦਾ ਦਿਲ ਲੂੰਹਦੀ ਹੈ ਤੇ ਇਨ੍ਹਾਂ ਦਾ ਅਸਰ **ਸਦੀਵੀ** ਹੁੰਦਾ ਹੈ। ਇਸੇ ਵਾਸਤੇ ਕਿਹਾ ਜਾਂਦਾ ਹੈ ਕਿ ਤਲਵਾਰ ਦਾ ਫੱਟ ਮਿਲ ਜਾਂਦਾ ਹੈ, ਪਰ ਜ਼ਬਾਨ ਦਾ ਫੱਟ ਕਦੀ ਨਹੀਂ ਮਿਟਦਾ।

1. ਕਿਸ ਗੁਣ ਨਾਲ ਸੰਸਾਰਕ ਕਾਰਜ ਸਿੱਧ ਹੋ ਸਕਦਾ ਹੈ ?
2. ਸਾਰੇ ਲੋਕ ਕਿਸ ਔਗੁਣ ਤੇ ਥੁੱਕਦੇ ਹਨ ?
3. ਕਿਸ ਦਾ ਫੱਟ ਮਿਟ ਜਾਂਦਾ ਹੈ ਅਤੇ ਕਿਸਦਾ ਨਹੀਂ ਮਿਟਦਾ ?
4. ਪੈਰ੍ਹੇ ਦਾ ਢੁਕਵਾਂ ਸਿਰਲੇਖ ਦਿਉ। ੭
5. ਮੋਟੇ ਸ਼ਬਦਾਂ ਦੇ ਅਰਥ ਲਿਖੋ। 5



weeklypoetry.com

weeklypoetry.com

7. ਹੇਠ ਲਿਖੇ ਅਖਾਣ ਅਤੇ ਮੁਹਾਵਰਿਆਂ ਵਿਚੋਂ **ਪੰਜ-ਪੰਜ** ਦੇ ਅਰਥ ਸਪਸ਼ਟ ਕਰਕੇ ਵਾਕਾਂ ਵਿਚ ਵਰਤੋ :

1. ਉਂਗਲਾਂ ਤੇ ਨਚਾਉਣਾ, ਉਪਰਲੀ ਹਵਾ 'ਚ ਰਹਿਣਾ, ਆਪਣੇ ਪੈਰੀਂ ਆਪ ਕੁਹਾੜਾ ਮਾਰਨਾ, ਇੱਟ ਕੁੱਤੇ ਦਾ ਵੈਰ ਹੋਣਾ, ਹੱਥ ਤੇ ਹੱਥ ਧਰਕੇ ਬਹਿਣਾ, ਹੱਥ ਪੀਲੇ ਕਰਨਾ, ਗਲ ਪਿਆ ਢੋਲ ਵਜਾਉਣਾ, ਚਾਰ ਚੰਨ ਲਾਉਣੇ। 5
2. ਉੱਖਲੀ ਵਿਚ ਸਿਰ ਦਿੱਤਾ ਤਾਂ ਮੋਹਲਿਆਂ ਦਾ ਕੀ ਡਰ, ਉੱਚਾ ਲੰਮਾ ਗੱਭਰੂ ਪੱਲੇ ਠੀਕਰੀਆਂ, ਉੱਦਮ ਅੱਗੇ ਲੱਛਮੀ ਪੱਖੇ ਅੱਗੇ ਪੌਣ, ਅੰਦਰ ਹੋਵੇ ਸੱਚ ਤਾਂ ਕੋਠੇ ਚੜ੍ਹ ਕੇ ਨੱਚ, ਇੱਕ ਚੁੱਪ ਸੌ ਸੁੱਖ, ਸੰਗ ਤਾਰੇ ਕੁਸੰਗ ਡੋਬੇ, ਸੋਈ ਰਾਣੀ ਜੋ ਖਸਮੇ ਭਾਣੀ, ਹੰਕਾਰਿਆ ਸੋ ਮਾਰਿਆ। 5



www.a2zpapers.com weeklypoetry.com